BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਐਂਟੀ-ਬਲੈਕ ਨਸਲਵਾਦ ਤੇ ਸੁਤੰਤਰ ਬਾਹਰਲੀ ਤੀਜੀ-ਧਿਰ ਸਮੀਖਿਆ ਦੀ ਪਾਲਣਾ ਕਰਦੇ ਹੋਏ ਸਿਫਾਰਿਸ਼ਾਂ ਲਾਗੂ ਕਰੇਗੀ

ਬ੍ਰੈਂਪਟਨ, ਓਨਟੈਰੀਓ (5 ਮਈ, 2022) – ਸਿਟੀ ਆਫ ਬ੍ਰੈਂਪਟਨ, ਲਗਾਤਾਰ ਇੱਕ ਸੁਰੱਖਿਅਤ, ਐਂਟੀ-ਨਸਲਵਾਦ ਅਤੇ ਸ਼ਮੂਲੀਅਤ ਵਾਲਾ ਮਾਹੌਲ ਪੈਦਾ ਕਰਨ ਲਈ ਕਦਮ ਚੁੱਕ ਰਹੀ ਹੈ, ਜਿੱਥੇ ਸਟਾਫ ਅਤੇ ਨਿਵਾਸੀ, ਆਪਣੀ ਸਮਰੱਥਾ ਦਾ ਪੂਰਾ ਲਾਭ ਲੈ ਸਕਦੇ ਹਨ ਅਤੇ ਸੰਪੰਨ ਹੋ ਸਕਦੇ ਹਨ।

ਪਿਛਲੇ ਹਫਤੇ, ਸਿਟੀ ਨੇ ਸਿਟੀ ਵਿਖੇ ਬਲੈਕ ਕਰਮਚਾਰੀਆਂ ਦੇ ਅਨੁਭਵਾਂ ਵਿੱਚ ਸੁਤੰਤਰ ਸਮੀਖਿਆ (independent review into the experiences of Black employees at the City) ਦੇ ਨਤੀਜਿਆਂ ਤੇ ਚਰਚਾ ਕਰਨ ਲਈ, ਕਾਉਂਸਿਲ ਵਰਕਸ਼ਾਪ (Council Workshop) ਅਤੇ ਇੰਪਲਾਈ ਟਾਊਨ ਹਾਲ (Employee Town Hall) ਦੀ ਮੇਜਬਾਨੀ ਕੀਤੀ, ਜਿਹਨਾਂ ਵਿੱਚ ਸ਼ਾਮਲ ਹਨ, ਪੱਖਪਾਤੀ ਅਨੁਭਵਾਂ ਅਤੇ ਪ੍ਰੈਕਟਿਸਾਂ ਦੀ ਮੌਜੂਦਗੀ ਅਤੇ ਸਕੋਪ ਦਾ ਮੁਲਾਂਕਣ ਕਰਨ ਲਈ, ਪ੍ਰਕਿਰਿਆਵਾਂ, ਪਾਲਸੀਆਂ ਅਤੇ ਕਾਰਜ ਪ੍ਰਣਾਲੀਆਂ ਦਾ ਵਿਸ਼ਲੇਸ਼ਣ।

ਸਿਟੀ ਨੇ ਬਾਹਰਲੀ ਤੀਜੀ-ਧਿਰ ਸਮੀਖਿਆ ਕਰਨ ਲਈ, ਵਿਲੀਅਮ ਐਚ.ਆਰ. ਲਾਅ (Williams HR Law) ਨੂੰ ਕਾਇਮ ਰੱਖਿਆ ਹੈ, ਜਿਸ ਉੱਤੇ ਪਤਝੜ 2020 ਵਿੱਚ ਕੰਮ ਸ਼ੁਰੂ ਕੀਤਾ ਗਿਆ ਸੀ। ਇਹ ਸਮੀਖਿਆ, ਸਿਟੀ ਦੇ ਕਰਮਚਾਰੀਆਂ ਵੱਲੋਂ, ਐਂਟੀ-ਬਲੈਕ ਨਸਲਵਾਦ ਦੇ ਪ੍ਰਤੱਖ, ਅਪ੍ਰਤੱਖ, ਤੀਬਰ ਅਤੇ ਪ੍ਰਣਾਲੀਗਤ ਪੱਖਪਾਤ ਅਤੇ ਅਭਿਵਿਅਕਤੀਆਂ ਦੇ ਸਬੰਧ ਵਿੱਚ ਕੀਤੇ ਅਨੁਭਵਾਂ ਅਤੇ ਨਿਰੀਖਣਾਂ ਤੇ ਕੇਂਦਰਿਤ ਸੀ।

ਭਾਗੀਦਾਰਾਂ ਦੇ ਇੰਟਰਵਿਊ ਅਤੇ ਸਬੰਧਿਤ ਦਸਤਾਵੇਜ਼ਾਂ ਤੋਂ ਇਕੱਤਰ ਕੀਤੀ ਜਾਣਕਾਰੀ ਦੇ ਅਧਾਰ ਤੇ, ਵਿਲੀਅਮ ਐਚ.ਆਰ. ਲਾਅ ਨੇ ਕਾਰਜਸਥਾਨ ਵਿੱਚ ਐਂਟੀ-ਬਲੈਕ ਨਸਲਵਾਦ ਨਾਲ ਸਬੰਧਿਤ ਕਰਮਚਾਰੀਆਂ ਦੇ ਅਨੁਭਵਾਂ ਅਤੇ ਨਿਰੀਖਣਾਂ ਦੇ ਆਪਣੇ ਮੁਲਾਂਕਣ ਦੇ ਨਤੀਜੇ ਵਜੋਂ, 26 ਮੁੱਖ ਨਿਸ਼ਕਰਸ਼ ਕੱਢੇ। ਇਹ ਨਿਸ਼ਕਰਸ਼, ਹੇਠਾਂ ਲਿਖੀਆਂ ਸ਼੍ਰੇਣੀਆਂ ਹੇਠ ਰਿਕਾਰਡ ਕੀਤੇ ਗਏ ਸਨ:

- ਨਸਲ ਸਬੰਧੀ ਵੰਨ-ਸੁਵੰਨਤਾ
- ਕਾਰਜਸਥਾਨ ਸਬੰਧੀ ਮਾਹੌਲ ਅਤੇ ਸੱਭਿਆਚਾਰ
- ਕੰਮ ਤੇ ਰੱਖਣ ਦੀਆਂ ਪਾਲਸੀਆਂ ਅਤੇ ਪ੍ਰੈਕਟਿਸਿਜ
- ਕੈਰੀਅਰ ਐਡਵਾਂਸਮੈਂਟ
- ਈ.ਡੀ.ਆਈ. (EDI) ਟ੍ਰੇਨਿੰਗ ਅਤੇ ਪਾਲਸੀਆਂ
- ਮੌਜੂਦਾ ਈ.ਡੀ.ਆਈ. ਪਹਿਲਕਦਮੀਆਂ
- ਪਛਾਣ-ਅਧਾਰਿਤ ਡੇਟੇ ਦਾ ਇਕੱਤਰੀਕਰਨ

ਸਿਟੀ ਆਫ ਬ੍ਰੈਂਪਟਨ ਦਾ ਇਕਵਿਟੀ ਆਫਿਸ (Equity Office) ਅਤੇ ਹਿਊਮੈਨ ਰਿਸੋਰਸਿਜ (Human Resources) ਡਿਵੀਜਨਾਂ, ਸਿਟੀ ਦੇ ਸਟਾਫ ਨਾਲ ਇਕੱਠੇ ਮਿਲ ਕੇ ਕੰਮ ਕਰਨਗੀਆਂ ਅਤੇ ਇੱਕ ਕਾਰਵਾਈ ਯੋਜਨਾ ਦੇ ਵਿਕਾਸ ਨੂੰ ਅੱਗੇ ਵਧਾਉਣ ਵਾਸਤੇ, ਸਿਟੀ ਵਿੱਚ ਬਰਾਬਰੀ, ਵੰਨ-ਸੁਵੰਨਤਾ, ਸ਼ਮੂਲੀਅਤ ਅਤੇ ਐਂਟੀ-ਨਸਲਵਾਦ ਤੇ ਧਿਆਨ ਦੇਣ ਲਈ, ਇੰਟਰਨਲ ਸਟੇਕਹੋਲਡਰਾਂ ਨੂੰ ਸਮੂਹਿਕ ਰੂਪ ਨਾਲ ਅਗਲੇ ਕਦਮਾਂ ਬਾਰੇ ਸੂਚਿਤ ਕਰਨਗੀਆਂ।

**ਇਕਵਿਟੀ ਆਫਿਸ ਦੇ ਬਾਰੇ ਵਿੱਚ**

ਸਿਟੀ ਆਫ ਬ੍ਰੈਂਪਟਨ, ਇੱਕ ਇਕਵਿਟੀ ਆਫਿਸ ਦੇ ਨਾਲ, ਟਰਮ ਆਫ ਕਾਉਂਸਿਲ ਪ੍ਰਾਇਰਟੀ ਕਿ ਬ੍ਰੈਂਪਟਨ ਇੱਕ ਮੋਜੈਕ ਹੈ, ਨੂੰ ਅੱਗੇ ਵਧਾ ਰਹੀ ਹੈ, ਜੋ ਇਸਦੇ ਕਰਮਚਾਰੀਆਂ ਅਤੇ ਨਾਗਰਿਕਾਂ ਨੂੰ ਸੇਵਾ ਦੇਵੇਗਾ। ਦਸੰਬਰ 2020 ਵਿੱਚ ਸਥਾਪਤ ਕੀਤਾ ਗਿਆ, ਇਕਵਿਟੀ ਆਫਿਸ, ਇਹ ਯਕੀਨੀ ਬਣਾਉਣ ਲਈ ਕੰਮ

ਕਰਦਾ ਹੈ ਕਿ ਸਾਰੇ ਵਿਅਕਤੀਆਂ ਦੇ ਨਾਲ ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਕੀਤਾ ਜਾਂਦਾ ਹੈ ਅਤੇ ਸਿਟੀ ਦੇ ਅੰਦਰ ਅਤੇ ਇਸਦੇ ਨਿਵਾਸੀਆਂ, ਦੋਵਾਂ ਲਈ ਇੱਕਸਾਰਤਾ ਵਾਲੇ ਮਾਹੌਲ ਨੂੰ ਵਧਾਉਂਦਾ ਹੈ।

ਜੂਨ 2020 ਵਿੱਚ, ਸਿਟੀ ਕਾਉਂਸਿਲ ਨੇ *ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ (Black African and Caribbean Social, Cultural Economic Empowerment and Anti-Black Racism Unit)* ਦੀ ਸ਼ੁਰੂਆਤ ਕੀਤੀ ਸੀ। ਉਸਦੇ ਬਾਅਦ, ਕਾਉਂਸਿਲ ਨੇ ਵੰਨ-ਸੁਵੰਨਤਾ, ਬਰਾਬਰੀ, ਸ਼ਮੂਲੀਅਤ ਅਤੇ ਐਂਟੀ-ਨਸਲਵਾਦ ਦੀ ਉੱਨਤੀ ਦੇ ਪ੍ਰਤੀ ਸਿਟੀ ਦੀ ਵਚਨਬੱਧਤਾ ਨੂੰ ਅੱਗੇ ਵਧਾਉਂਦੇ ਹੋਏ, ਇਕਵਿਟੀ ਆਫਿਸ ਨੂੰ, *ਬਲੈਕ ਅਫਰੀਕੀ ਅਤੇ ਕੈਰੇਬੀਅਨ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸ਼ਕਤੀਕਰਨ ਅਤੇ ਐਂਟੀ-ਬਲੈਕ ਨਸਲਵਾਦ ਇਕਾਈ* ਦੇ ਨਾਲ ਮਿਲਾਉਣ ਵਾਸਤੇ ਇੱਕ ਪ੍ਰਸਤਾਵ ਪਾਸ ਕੀਤਾ।

ਇਕਵਿਟੀ ਆਫਿਸ ਬਾਰੇ ਹੋਰ ਜਾਣਕਾਰੀ, [Brampton.ca](Brampton.ca) ਤੇ ਉਪਲਬਧ ਹੈ।

**ਹਵਾਲੇ**

"ਬ੍ਰੈਂਪਟਨ ਇੱਕ ਮੋਜ਼ੈਕ ਹੈ ਅਤੇ ਅਸੀਂ ਸਿਟੀ ਵਿਖੇ ਸਾਡੇ ਸਾਰੇ ਪ੍ਰੋਗਰਾਮਾਂ, ਸੇਵਾਵਾਂ ਅਤੇ ਪਹਿਲਕਦਮੀਆਂ ਵਿੱਚ ਵੰਨ-ਸੁਵੰਨਤਾ, ਬਰਾਬਰੀ ਅਤੇ ਸ਼ਮੂਲੀਅਤ ਨੂੰ ਸ਼ਾਮਲ ਕਰਨਾ ਜਾਰੀ ਰੱਖਣ ਲਈ ਵਚਨਬੱਧ ਹਾਂ। ਐਂਟੀ-ਬਲੈਕ ਨਸਲਵਾਦ ਤੇ ਸੁਤੰਤਰ ਤੀਜੀ-ਧਿਰ ਸਮੀਖਿਆ ਦਰਸਾਉਂਦੀ ਹੈ ਕਿ ਅਸੀਂ ਇੱਕ ਕਾਰਪੋਰੇਸ਼ਨ ਵਜੋਂ ਕਾਫੀ ਤਰੱਕੀ ਕੀਤੀ ਹੈ, ਸਾਨੂੰ ਪ੍ਰਣਾਲੀਗਤ ਅਤੇ ਸੰਗਠਨਾਤਮਕ ਬਦਲਾਅ ਲਿਆਉਣ ਵਾਸਤੇ ਅਜੇ ਹੋਰ ਕੰਮ ਕਰਨਾ ਪਵੇਗਾ। ਇਕੱਠੇ ਮਿਲ ਕੇ ਅਸੀਂ, ਇਹ ਯਕੀਨੀ ਬਣਾਉਣ ਲਈ ਕਿ ਸਾਰਿਆਂ ਨਾਲ ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਕੀਤਾ ਜਾਂਦਾ ਹੈ, ਰੁਕਾਵਟਾਂ ਨੂੰ ਦੂਰ ਕਰਨਾ ਜਾਰੀ ਰੱਖਾਂਗੇ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਸਿਟੀ ਕਾਉਂਸਿਲ ਲਈ ਚੁਣੀ ਗਈ ਪਹਿਲੀ ਬਲੈਕ ਮਹਿਲਾ ਵਜੋਂ, ਮੈਨੂੰ ਮਾਣ ਹੈ ਕਿ ਸਿਟੀ ਆਫ ਬ੍ਰੈਂਪਟਨ, ਸਾਡੀ ਕਮਿਉਨਿਟੀ ਵਿੱਚ ਸਟਾਫ ਅਤੇ ਨਿਵਾਸੀਆਂ ਵਾਸਤੇ, ਇੱਕ ਸੁਰੱਖਿਅਤ, ਪਹੁੰਚਯੋਗ, ਐਂਟੀ-ਨਸਲਵਾਦ ਅਤੇ ਸ਼ਮੂਲੀਅਤ ਵਾਲਾ ਮਾਹੌਲ ਪੈਦਾ ਕਰਨ ਲਈ ਲਗਾਤਾਰ ਕਦਮ ਚੁੱਕ ਰਹੀ ਹੈ। ਇਹ ਤੀਜੀ-ਧਿਰ ਸਮੀਖਿਆ ਦਰਸਾਉਂਦੀ ਹੈ ਕਿ ਭਾਵੇਂ ਸਿਟੀ ਨੇ ਵੰਨ-ਸੁਵੰਨਤਾ, ਬਰਾਬਰੀ, ਸ਼ਮੂਲੀਅਤ ਅਤੇ ਨਸਲਵਾਦ ਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ, ਫਿਰ ਵੀ ਸਾਨੂੰ ਬਹੁਤ ਕੰਮ ਕਰਨਾ ਪਵੇਗਾ। ਕਾਉਂਸਿਲ ਅਤੇ ਸਟਾਫ, ਲਗਾਤਾਰ ਇਕੱਠੇ ਮਿਲ ਕੇ ਕੰਮ ਕਰਨਾ ਜਾਰੀ ਰੱਖਣਗੇ, ਜਦੋਂ ਅਸੀਂ ਪ੍ਰਣਾਲੀਗਤ ਪੱਖਪਾਤ ਤੇ ਧਿਆਨ ਦੇਣ ਲਈ ਸਾਡੀ ਕਾਰਜ ਯੋਜਨਾ ਦੇ ਵਿਕਾਸ ਵਿੱਚ ਅਤੇ ਐਂਟੀ-ਬਲੈਕ ਮਾਹੌਲ ਪੈਦਾ ਕਰਨ ਲਈ ਕੰਮ ਕਰਨ ਵਿੱਚ ਅੱਗੇ ਵਧ ਰਹੇ ਹਾਂ।"

- *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8, ਸਿਟੀ ਆਫ ਬ੍ਰੈਂਪਟਨ*

"ਜਦੋਂ ਸਿਟੀ ਆਫ ਬ੍ਰੈਂਪਟਨ ਵਿਖੇ ਬਲੈਕ ਕਰਮਚਾਰੀਆਂ ਦੇ ਅਨੁਭਵਾਂ ਦੀ ਗੱਲ ਆਉਂਦੀ ਹੈ, ਤਾਂ ਅਸੀਂ ਸੁਣਨ, ਸਿੱਖਣ ਅਤੇ ਅਗਵਾਈ ਕਰਨ ਲਈ ਵਚਨਬੱਧ ਹੁੰਦੇ ਹਾਂ ਅਤੇ ਇਹ ਤੀਜੀ-ਧਿਰ ਦੀ ਸਮੀਖਿਆ, ਸਾਡੇ ਕਾਰਜਸਥਾਨ ਸਬੰਧੀ ਸੱਭਿਆਚਾਰ ਤੇ ਧਿਆਨ ਦੇਣ ਵਿੱਚ ਅੱਗੇ ਵਧਣ ਦਾ ਇੱਕ ਸਪਸ਼ਟ ਰਸਤਾ ਹੈ। ਇੱਕ ਸੰਗਠਨ ਵਜੋਂ, ਜਿਸ ਕਮਿਉਨਿਟੀ ਨੂੰ ਅਸੀਂ ਸੇਵਾ ਦਿੰਦੇ ਹਾਂ, ਅਸੀਂ ਉਸਦੇ ਵਿਚਾਰਸ਼ੀਲ ਵੰਨ-ਸੁਵੰਨੇ ਕਾਰਜਬਲ ਨੂੰ ਵਿਕਸਿਤ ਕਰਨ ਲਈ ਕਦਮ ਚੁੱਕਣਾ ਅਤੇ ਸ਼ਮੂਲੀਅਤ ਵਾਲਾ ਅਜਿਹਾ ਮਾਹੌਲ ਪੈਦਾ ਕਰਨਾ ਜਾਰੀ ਰੱਖਾਂਗੇ, ਜਿੱਥੇ ਸਾਰੇ ਵਿਅਕਤੀ ਵਧਣ-ਫੁੱਲਣ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਮੈਂ ਸਟਾਫ ਦਾ ਧੰਨਵਾਦ ਕਰਦੀ ਹਾਂ, ਜਿਸਨੇ ਇਸ ਤੀਜੀ-ਧਿਰ ਸਮੀਖਿਆ ਵਿੱਚ ਯੋਗਦਾਨ ਦਿੱਤਾ। ਇਸ ਸਮੀਖਿਆ ਵਿੱਚ ਉਹਨਾਂ ਨੇ ਆਪਣੇ ਅਨੁਭਵਾਂ ਬਾਰੇ ਸਮੂਹਿਕ ਤੌਰ ਤੇ ਸੱਚਾਈ ਦੱਸਣ ਦੀ ਹਿੰਮਤ ਕੀਤੀ, ਜੋ ਬਿਹਤਰ ਭਵਿੱਖ ਲਈ ਵਰਤਮਾਨ ਸਥਿਤੀ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ। ਸਾਡੇ ਇਕਵਿਟੀ

ਆਫਿਸ ਦੇ ਦੁਆਰਾ, ਅਸੀਂ ਇੱਕ ਅਜਿਹੇ ਸੰਗਠਨ ਨੂੰ ਅੱਗੇ ਵਧਾਉਣਾ ਜਾਰੀ ਰੱਖਾਂਗੇ, ਜੋ ਐਂਟੀ-ਨਸਲਵਾਦ ਹੈ ਅਤੇ ਇੱਕ ਸੁਰੱਖਿਅਤ, ਪਹੁੰਚਯੋਗ ਅਤੇ ਸ਼ਮੂਲੀਅਤ ਵਾਲੇ ਮਾਹੌਲ ਨੂੰ ਅੱਗੇ ਵਧਾਉਣ ਦੇ ਪ੍ਰਤੀ, ਸੁਧਾਰ ਦੇ ਖੇਤਰ ਅਤੇ ਕੰਮ ਨਿਰਧਾਰਤ ਕਰਨ ਵਾਸਤੇ, ਸਿਟੀ ਦੇ ਕਰਮਚਾਰੀਆਂ ਅਤੇ ਮਹੱਤਵਪੂਰਣ ਸਟੇਕਹੋਲਡਰਾਂ ਦੇ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ।"

- *ਮਿਸ਼ੇਲ ਬਰਨ (Michele Byrne), ਮੈਨੇਜਰ, ਇਕਵਿਟੀ ਆਫਿਸ, ਸਿਟੀ ਆਫ ਬ੍ਰੈਂਪਟਨ*

"ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਨੂੰ ਐਂਟੀ-ਬਲੈਕ ਨਸਲਵਾਦ ਦੇ ਦ੍ਰਿਸ਼ਟੀਕੋਣ ਤੋਂ, ਬਲੈਕ ਕਰਮਚਾਰੀਆਂ ਦੇ ਅਨੁਭਵਾਂ ਤੇ ਖਾਸ ਫੋਕਸ ਦੇ ਨਾਲ, ਈ.ਡੀ.ਆਈ. ਸਮੀਖਿਆ ਕਰਕੇ, ਸਿਟੀ ਦੇ ਵਰਕਪਲੇਸ ਡਾਇਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ ਦੀ ਹਿਮਾਇਤ ਕਰਨ ਦਾ ਮੌਕਾ ਮਿਲਿਆ। ਸਾਡੀ ਸ਼ਮੂਲੀਅਤ ਸ਼ੁਰੂ ਹੋਣ ਤੋਂ ਬਾਅਦ, ਸਿਟੀ ਨੇ ਆਪਣੇ ਕਾਰਜਸਥਾਨ ਦੇ ਅੰਦਰ ਐਂਟੀ-ਬਲੈਕ ਨਸਲਵਾਦ ਅਤੇ ਪ੍ਰਣਾਲੀਗਤ ਪੱਖਪਾਤ ਅਤੇ ਅਸਮਾਨਤਾਵਾਂ ਦੇ ਦੂਜੇ ਰੂਪਾਂ ਤੇ ਧਿਆਨ ਦੇਣ ਵਿੱਚ ਆਪਣੀ ਵਚਨਬੱਧਤਾ ਨੂੰ ਅੱਗੇ ਵਧਾਉਣ ਵਿੱਚ ਕਾਫੀ ਵੱਡੀ ਉੱਨਤੀ ਹਾਸਲ ਕੀਤੀ ਹੈ, ਜ਼ਿਆਦਾਤਰ ਸਪਸ਼ਟ ਤੌਰ ਤੇ ਇਸਦੇ ਇਕਵਿਟੀ ਆਫਿਸ ਦੀ ਸਥਾਪਨਾ ਅਤੇ ਸਟਾਫ ਨਾਲ ਸਬੰਧਿਤ। ਜਿਸ ਤਰੀਕੇ ਨਾਲ ਲੀਡਰਸ਼ਿਪ ਅਤੇ ਸਟਾਫ, ਸਾਡੀ ਪ੍ਰਕਿਰਿਆ ਵਿੱਚ ਸ਼ਾਮਲ ਹੋਇਆ, ਉਹ ਸਾਨੂੰ ਆਸ਼ਾਵਾਦੀ ਬਣਾਉਂਦਾ ਹੈ ਕਿ ਸਿਟੀ ਇਸ ਗਤੀ ਤੇ ਅੱਗੇ ਵਧਣਾ ਜਾਰੀ ਰੱਖੇਗੀ, ਜਦੋਂ ਇਹ ਹੋਰਾਂ ਪਹਿਲਕਦਮੀਆਂ ਦੇ ਨਾਲ ਸਾਡੀਆਂ ਸਿਫਾਰਿਸ਼ਾਂ ਨੂੰ ਲਾਗੂ ਕਰੇਗੀ, ਜੋ ਇਸਨੇ ਸਾਰੇ ਕਰਮਚਾਰੀਆਂ ਨੂੰ ਫਾਇਦਾ ਪਹੁੰਚਾਉਣ ਵਾਸਤੇ ਵੱਧ ਬਰਾਬਰੀ ਵਾਲਾ, ਵੰਨ-ਸੁਵੰਨਾ ਅਤੇ ਸ਼ਮੂਲੀਅਤ ਵਾਲਾ ਕਾਰਜਸਥਾਨ ਬਣਾਉਣ ਲਈ ਪ੍ਰਸਤਾਵਿਤ ਕੀਤੀਆਂ ਹਨ। ਇਸ ਮਹੱਤਵਪੂਰਣ ਕੰਮ ਲਈ ਸਾਡੀ ਫਰਮ ਤੇ ਭਰੋਸਾ ਕਰਨ ਲਈ ਧੰਨਵਾਦ ਅਤੇ ਅਸੀਂ ਸਿਟੀ ਨੂੰ ਸ਼ੁਭਕਾਮਨਾਵਾਂ ਦਿੰਦੇ ਹਾਂ, ਜਦੋਂ ਇਹ ਆਪਣੇ ਈ.ਡੀ.ਆਈ. ਸਫਰ ਵਿੱਚ ਲਗਾਤਾਰ ਅੱਗੇ ਵਧ ਰਹੀ ਹੈ।"

- *ਲੌਰਾ ਵਿਲੀਅਮਸ (Laura Williams), ਵਿਲੀਅਮਸ ਐਚ.ਆਰ. ਲਾਅ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca